# ਲੂਟਨ (Luton)

## ਬੱਚਿਆਂ ਦੇ ਕੇਂਦਰਾਂ ਦਾ ਮੁੜ ਤੋਂ ਡਿਜ਼ਾਈਨ ਕੀਤਾ ਹੋਇਆ ਵਿਚਾਰ-ਵਟਾਂਦਰਾ ਦਸਤਾਵੇਜ਼

**ਜਾਣ-ਪਛਾਣ**

ਲੂਟਨ ਵਿਚ ਅਸੀਂ ਆਪਣੇ ਲਈ ਇਹ ਟੀਚਾ ਨਿਰਧਾਰਤ ਕੀਤਾ ਹੈ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਸਾਲ 2040 ਤੱਕ ਕੋਈ ਵੀ ਗਰੀਬੀ ਵਿਚ ਨਾ ਰਹੇ। ਅਸੀਂ ਜੋ ਕੁਝ ਵੀ ਕਰਦੇ ਹਾਂ ਉਸ ਵਿਚ ਇਹ ਦ੍ਰਿਸ਼ਟੀਕੋਣ ਸਾਰਿਆਂ ਦੇ ਦਿਲ ਵਿਚ ਹੈ ਕਿਉਂਕਿ ਗਰੀਬੀ ਉਹਨਾਂ ਕੁਝ ਮੁੱਖ ਚੁਣੌਤੀਆਂ ਦੀ ਜੜ ਵਿਚ ਹੈ ਜਿਹਨਾਂ ਦਾ ਕਿ ਸ਼ਹਿਰੀ ਖੇਤਰ ਸਾਹਮਣਾ ਕਰ ਰਹੇ ਹਨ। ਅਸੀਂ ਸ਼ਹਿਰੀ ਕੇਂਦਰਾਂ ਦਾ ਰੁਪਾਂਤਰਣ ਕਰ ਕੇ ਇਸ ਵੱਲ ਕਦਮ ਚੁੱਕ ਰਹੇ ਹਾਂ ਅਤੇ ਨੌਕਰੀਆਂ ਪੈਦਾ ਕਰਨ ਅਤੇ ਸਮੁਦਾਇ ਵਿਚ ਆਸ ਜਗਾਉਣ ਵਿਚ ਸਹਾਇਤਾ ਕਰ ਰਹੇ ਹਾਂ। ਲੂਟਨ ਦਾ ਬੱਚਿਆਂ ਵਾਲਾ ਪਰਿਵਾਰ ਅਤੇ ਸਿੱਖਿਆ ਵਿਭਾਗ ਲੂਟਨ 2040 ਵੱਲ ਕੰਮ ਕਰਨ ਲਈ ਵਚਨਬੱਧ ਹੈ। ਅਸੀਂ ਮੰਨਦੇ ਹਾਂ ਕਿ ਸਾਰੇ ਬੱਚੇ ਆਪਣੀ ਪੂਰੀ ਸਮਰੱਥਾ ’ਤੇ ਪਹੁੰਚਣ ਅਤੇ ਇਕ ਚੰਗੀ ਜ਼ਿੰਦਗੀ ਜਿਊਣ ਦੇ ਹੱਕਦਾਰ ਹਨ।

ਇਕ ਕੌਂਸਲ ਦੇ ਰੂਪ ਵਿਚ ਅਸੀਂ ਆਪਣੇ ਮੁੱਲਾਂ ਨੂੰ ਗ੍ਰਹਿਣ ਕਰਦੇ ਹਾਂ:

ਸਹਿਯੋਗੀ, ਮਕਸਦ ਰੱਖਣ ਵਾਲਾ, ਸਨਮਾਨਜਨਕ, ਮਜ਼ਬੂਤ ਅਤੇ ਸਹਾਇਕ।

ਸਾਡੀਆਂ ਕਦਰਾਂ-ਕੀਮਤਾਂ ਇਹਨਾਂ ਤੱਥਾਂ ਨੂੰ ਲੈ ਕੇ ਕੇਂਦਰ ਵਿਚ ਹਨ ਕਿ ਅਸੀਂ ਕਿਵੇਂ ਲੂਟਨ ਵਿਚ ਬੱਚਿਆਂ, ਨੌਜਵਾਨ ਲੋਕਾਂ ਅਤੇ ਪਰਿਵਾਰਾਂ ਦਾ ਸਮਰਥਨ ਕਰਦੇ ਹਾਂ। ਅਸੀਂ ਇਹ ਵਿਸ਼ਵਾਸ ਕਰਦੇ ਹਾਂ ਕਿ ਸੁਣਨ, ਸਮਝਣ, ਸੇਵਾਵਾਂ ਨੂੰ ਇਕੱਠੇ ਹੋ ਕਿ ਡਿਜ਼ਾਈਨ ਕਰਨ ਅਤੇ ਫੈਸਲਾ ਲਏ ਬਗੈਰ ਕੰਮ ਕਰਨ ਨਾਲ ਅਸੀਂ ਇਹ ਸੁਨਿਸ਼ਚਿਤ ਕਰਾਂਗੇ ਕਿ ਜਿਹੜੇ ਲੋਕਾਂ ਨੂੰ ਸਾਡੇ ਸਮਰਥਨ ਦੀ ਲੋੜ ਹੈ, ਉਹਨਾਂ ਲਈ ਸਰਵੋਤਮ ਨਤੀਜੇ ਨਿਕਲਣ।

ਸਾਲ 2020-2021 ਲਈ ਇਕ ਸੰਤੁਲਿਤ ਬਜਟ ਨੂੰ ਯਕੀਨੀ ਬਨਾਉਣ ਲਈ ਲੂਟਨ ਦੀ ਕੌਂਸਲ ਨੂੰ £22 ਮਿਲੀਅਨ ਦੀਆਂ ਬੱਚਤਾਂ ਕਰਨੀਆਂ ਪੈਣਗੀਆਂ। ਬੱਚਿਆਂ ਦੀਆਂ ਸੇਵਾਵਾਂ ਨੂੰ ਅਪਾਤਕਾਲੀਨ ਬਜਟ ਦਾ ਸਮਰਥਨ ਕਰਨ ਲਈ £3.2 ਮਿਲੀਅਨ ਦੀ ਬੱਚਤ ਕਰਨੀ ਪਵੇਗੀ। ਇਹ ਯਕੀਨੀ ਬਨਾਉਣ ਲਈ ਕਿ ਅਸੀਂ ਵਿਧਾਨਕ ਸੇਵਾਵਾਂ ’ਤੇ ਪ੍ਰਭਾਵ ਨੂੰ ਨਿਊਨਤਮ ਕਰੀਏ, ਅਸੀਂ ਆਪਣੀਆਂ ਚਾਰ ਗੈਰ-ਵਿਧਾਨਕ ਬੱਚਿਆਂ ਦੀਆਂ ਸੇਵਾਵਾਂ ਜਿਹਨਾਂ ਵਿਚ ਕਿ ਫਲਾਇੰਗ ਸਟਾਰਟ ਚਿਲਡਰਨ ਸੈਂਟਰ, ਛੇਤੀ ਤੋਂ ਛੇਤੀ ਸਹਾਇਤਾ ਕਰਨ ਨਵੀਂ ਸ਼ੁਰੂਆਤ ਕਰਨ ਅਤੇ ਏਕੀਕ੍ਰਿਤ ਪਰਿਵਾਰਕ ਸ੍ਰੋਤ ਸੇਵਾ, ਨੂੰ ਇਕੱਠਿਆਂ ਲਿਆਉਣ ਦਾ ਪ੍ਰਸਤਾਵ ਪੇਸ਼ ਕਰ ਰਹੇ ਹਾਂ। ਅਸੀਂ ਇਸ ਤੱਥ ’ਤੇ ਧਿਆਨ ਕੇਂਦਰਿਤ ਕਰਾਂਗੇ ਕਿ ਜਿਹਨਾਂ ਪਰਿਵਾਰਾਂ ਨੂੰ ਸਾਡ ਸਮਰਥਨ ਦੀ ਲੋੜ ਹੈ, ਉਹਨਾਂ ਦੀ ਇਹ ਸੇਵਾਵਾਂ ਸਹਾਇਤਾ ਕਰਨ।

ਆਪਾਤਕਾਲੀਨ ਬਜਟ ਬਾਰੇ ਹੋਰ ਜਾਣਕਾਰੀ ’ਤੇ ਸਾਡੀ ਵੈਬਸਾਈਟ ’ਤੇ ਉਪਲੱਬਧ ਹੈ:

https://democracy.luton.gov.uk/cmis5public/Meetings/tabid/70/ctl/ViewMeetingPublic/mid/397/Meeting/5727/Committee/1114/Default.aspx

## ਬੱਚਾ ਕੇਂਦਰ ਕੀ ਹੈ?

ਫਲਾਇੰਗ ਸਟਾਰਟ ਚਿਲਡਰਨ ਸੈਂਟਰ ਮੌਜੂਦਾ ਸਮੇਂ ਵਿਚ ਉਦੋਂ ਤੱਕ ਪਰਿਵਾਰਾਂ ਦਾ ਸਮਰਥਨ ਕਰਦਾ ਹੈ ਜਦੋਂ ਤੱਕ ਕਿ ਬੱਚਾ ਗਰਭਧਾਰਨ ਤੋਂ ਲੈ ਕੇ ਪੰਜ ਸਾਲ ਦੀ ਉਮਰ ਤੱਕ ਨਹੀਂ ਪਹੁੰਚ ਜਾਂਦਾ। ਇਹ ਸਥਾਨਕ ਦਾਈਆਂ, ਜੀਪੀ (GP), ਹੈਲਥ ਵਿਜ਼ੀਟਰਾਂ, ਨਰਸਰੀਆਂ ਅਤੇ ਭਾਈਚਾਰਕ ਗਰੁੱਪਾਂ ਨਾਲ ਇਹ ਯਕੀਨੀ ਬਨਾਉਣ ਲਈ ਕੰਮ ਕਰਦੇ ਹਨ ਕਿ ਪਰਿਵਾਰਾਂ ਨੂੰ ਲੋੜੀਂਦਾ ਸਮਰਥਨ ਮਿਲ ਸਕੇ।

## ਲੂਟਨ ਦੀ ਫਲਾਇੰਗ ਸਟਾਰਟ ਸਰਵਿਸ

ਫਲਾਇੰਗ ਸਟਾਰਟ ਦਾ ਉਦੇਸ਼ ਲੂਟਨ ਵਿਚ ਆਉਣ ਵਾਲੀਆਂ ਪੀੜ੍ਹੀਆਂ ਲਈ ਸਾਡੇ ਨੌਜਵਾਨ ਬੱਚਿਆਂ ਦਾ ਗਰਭਧਾਰਨ ਤੋਂ ਲੈ ਕੇ ਪੰਜ ਸਾਲ ਦੀ ਉਮਰ ਤੱਕ ਜੀਵਨ ਅਤੇ ਜੀਵਨ ਦੇ ਮੌਕਿਆਂ ਵਿਚ ਸਕਾਰਾਤਮਕ ਬਦਲਾਵ ਕਰਨਾ ਹੈ। ਅਜਿਹਾ ਇਸ ਪ੍ਰਕਿਰਿਆ ਦੇ ਕੇਂਦਰ ਵਿਚ ਮਾਤਾ-ਪਿਤਾ ਅਤੇ ਸਮੁਦਾਇ ਦੀ ਅਗਵਾਈ ਵਾਲੇ ਫੈਸਲੇ ਲੈਣ ਨਾਲ ਬੱਚਿਆਂ ਅਤੇ ਪਰਿਵਾਰਾਂ ਨੂੰ ਨਤੀਜੇ ਪ੍ਦਾਨ ਕਰਨ ਲਈ ਸਾਰੀਆਂ ਸੇਵਾਵਾਂ ਵੱਲੋਂ ਮਿਲ ਕੇ ਕੰਮ ਕਰਨ ਨਾਲ ਕੀਤਾ ਜਾਂਦਾ ਹੈ। ਆਪਣੇ ਪ੍ਮੁੱਖ ਭਾਈਵਾਲਾਂ ਅਤੇ ਫਲਾਇੰਗ ਸਟਾਰਟ ਚਿਲਡਰਨਜ਼ ਸੈਂਟਰ ਨਾਲ ਨੇੜਿਓਂ ਕੰਮ ਕਰਦੇ ਹੋਏ ਅਸੀਂ ਖੋਜ ਦੇ ਆਧਾਰ ’ਤੇ ਸੇਵਾਵਾਂ ਅਤੇ ਗਤੀਵਿਧੀਆਂ ਦੀ ਇਕ ਰੇਂਜ ਪ੍ਦਾਨ ਕਰਦੇ ਹਾਂ। ਉੱਚ ਸਿਖਲਾਈ ਹਾਸਲ ਫਲਾਇੰਗ ਸਟਾਰਟ ਚਿਲਡਰਨਜ਼ ਸੈਂਟਰ ਫੈਮਿਲੀ ਵਰਕਰ ਪੇਸ਼ੇਵਰ ਵਰਕਰਾਂ ਨਾਲ ਮਿਲ ਕੇ ਕੰਮ ਕਰਦੇ ਹਨ ਤਾਂ ਜੋ ਕਿ ਜਿੱਥੇ ਸੰਭਵ ਹੋ ਸਕੇ ਅਤੇ ਜਦੋਂ ਇਹਨਾਂ ਲੋੜਾਂ ਨੂੰ ਅੱਗੇ ਵਧਾਉਣ ਤੋਂ ਘਟਾਉਣ ਲਈ ਛੇਤੀ ਦਖਲਅੰਦਾਜ਼ੀ ਦੀ ਲੋੜ ਨਾ ਹੋਵੇ, ਇਹਨਾਂ ਲੋੜਾਂ ’ਤੇ ਧਿਆਨ ਕੇਂਦਰਿਤ ਕੀਤਾ ਜਾਂਦਾ ਹੈ।

## ਛੇਤੀ ਸਹਾਇਤਾ

ਇਕ ਬੱਚੇ ਦੇ ਜੀਵਨ ਵਿਚ ਕਿਸ਼ੋਰ ਅਵਸਥਾ ਦੇ ਪੀਰੀਅਡ ਅਤੇ ਜਨਮ ਤੋਂ ਲੈ ਕੇ ਟੀਨਏਜ ਸਾਲਾਂ ਤੱਕ ਪਹੁੰਚਣ ਦੌਰਾਨ ਕਿਸੇ ਵੀ ਸਮੇਂ ’ਤੇ ਕਿਸੇ ਵੀ ਸਮੱਸਿਆ ਦੇ ਪੈਦਾ ਹੋਣ ਤੋਂ ਪਹਿਲਾਂ ਜਾਂ ਛੇਤੀ ਤੋਂ ਛੇਤੀ ਬੱਚਿਆਂ ਅਤੇ ਪਰਿਵਾਰਾਂ ਨੂੰ ਤੁਰੰਤ ਸਹਾਇਤਾ ਦਿੱਤੀ ਜਾਂਦੀ ਹੈ। ਮੁੱਢਲੀ ਸਹਾਇਤਾ ਸਹੀ ਏਜੰਸੀਆਂ ਅਤੇ ਸੇਵਾ ਦੇ ਸਹੀ ਪੱਧਰ ’ਤੇ ਦਖਲ ਦੇ ਕੇ ਲੋੜ ਨੂੰ ਵਧਾਉਣ ਤੋਂ ਰੋਕਣ ਲਈ ਮਿਲ ਕੇ ਕੰਮ ਕਰਨ ਵਾਲੀਆਂ ਏਜੰਸੀਆਂ ਬਾਰੇ ਹੈ। ਇਸ ਦਾ ਉਦੇਸ਼ ਵਿਸ਼ੇਸ਼ ਦਖਲਅੰਦਾਜ਼ੀਆਂ ਜਿਵੇਂਕਿ ਬਾਲ ਸੁਰੱਖਿਆ ਅਤੇ ਤੀਬਰ ਸਰੀਰਕ ਅਤੇ ਮਾਨਸਿਕ ਸਿਹਤ ਸੇਵਾਵਾਂ ਲਈ ਲੋੜ ਦੀ ਰੋਕਥਾਮ ਕਰਨਾ ਜਾਂ ਉਹਨਾਂ ਨੂੰ ਘਟਾਉਣਾ ਹੈ।

## ਤਾਜ਼ਾ ਸ਼ੁਰੂਆਤ

ਤਾਜ਼ਾ ਸ਼ੁਰੂਆਤ ਉਹਨਾਂ ਮਹਿਲਾਵਾਂ ਨਾਲ ਕੰਮ ਕਰਦੀ ਹੈ ਜਿਹਨਾਂ ਨੇ ਕਿ ਬੱਚਿਆਂ ਨੂੰ ਉਹਨਾਂ ਦੀ ਦੇਖਭਾਲ ਤੋਂ ਹਟਾਉਣ ਦਾ ਅਨੁਭਵ ਕੀਤਾ ਹੈ ਜਾਂ ਫਿਰ ਉਹ ਇਸ ਦੇ ਜੋਖਮ ਵਿਚ ਹਨ। ਇਸ ਦਾ ਉਦੇਸ਼ ਇਸ ਚੱਕਰ ਨੂੰ ਤੋੜਣਾ ਹੈ ਅਤੇ ਮਹਿਲਾ ਨੂੰ ਨਵੇਂ

ਕੌਸ਼ਲਾਂ ਦਾ ਵਿਕਾਸ ਕਰਨ ਅਤੇ ਉਹਨਾਂ ਪ੍ਰਤੀਕਿਰਿਆਵਾਂ ਜੋ ਕਿ ਉਹਨਾਂ ਦਾ ਹੋਰ ਸਕਾਰਾਤਮਕ ਭਵਿੱਖ ਬਨਾਉਣ ਵਿਚ ਸਹਾਇਤਾ ਕਰਨ, ਲਈ ਮੌਕੇ ਪ੍ਰਦਾਨ ਕਰਨਾ ਹੈ।

**ਮੈਨੋਰ ਸੰਪਰਕ ਕੇਂਦਰ**

ਮੈਨੋਰ ਸੰਪਰਕ ਕੇਂਦਰ ਕੋਲ ਸਿਖਲਾਈ ਪ੍ਰਾਪਤ ਸਟਾਫ ਹੋ ਜੋ ਕਿ ਉਹਨਾਂ ਮਾਤਾ-ਪਿਤਾ ਨੂੰ ਸਲਾਹ ਅਤੇ ਸਮਰਥਨ ਪ੍ਰਦਾਨ ਕਰਦਾ ਹੈ ਜੋ ਕਿ ਇਕ ਸੁਪਰਵਾਈਜ਼ਡ ਮਾਹੌਲ ਵਿਚ ਮਾਤਾ-ਪਿਤਾ ਵਜੋਂ ਆਪਣੇ ਕੌਸ਼ਲ ਦਾ ਵਧੀਆ ਤਰੀਕੇ ਨਾਲ ਨਿਰਮਾਣ ਕਰਨ ਸਾਮਾਜਿਕ ਦੇਖਭਾਲ ਸਮਰਥਨ ਚਾਹੁੰਦੇ ਹਨ।

**ਅਸੀਂ ਵਿਚਾਰ-ਵਟਾਂਦਰਾ ਕਿਉਂ ਕਰ ਰਹੇ ਹਾਂ?**

ਵਿੱਤੀ ਸਥਿਰਤਾ ਨੂੰ ਸੁਨਿਸ਼ਚਿਤ ਕਰਨ ਵਾਸਤੇ ਅਸੀਂ ਪਿਛਲੇ ਚਾਰ ਸਾਲਾਂ ਵਿਚ ਬਹੁਤ ਬੱਚਤ ਕੀਤੀ ਹੈ। ਪਹਿਲਾਂ ਤੋਂ ਹੀ ਚੁਣੌਤੀਪੂਰਨ ਇਹ ਸਥਿਤੀ ਕੋਵਿਡ-19 (COVID-19) ਦੇ ਸੰਕਟ ਕਾਰਨ ਹੋਰ ਵੀ ਖਰਾਬ ਹੋ ਗਈ ਹੈ ਅਤੇ ਇਸ ਕਾਰਨ ਕੌਂਸਲ ਕੋਲ ਸੇਵਾਵਾਂ ਲਈ ਉਪਲੱਬਧ ਰਾਸ਼ੀ ’ਤੇ ਉਲਟ ਪ੍ਰਭਾਵ ਪਿਆ ਹੈ। ਕਿਉਂਕਿ ਸਾਰੀਆਂ ਸਥਾਨਕ ਅਥਾਰਟੀਆਂ ਨਾਲ ਇਕ ਸੰਤੁਲਿਤ ਬਜਟ ਨਾਲ ਸੰਚਾਲਨ ਕਰਨ ਦੀ ਸਾਡੀ ਕਾਨੂੰਨੀ ਜ਼ਿੰਮੇਵਾਰੀ ਹੈ। ਸਾਡੇ ਕੋਲ ਕਰਨ ਲਈ ਕੁਝ ਬਹੁਤ ਮੁਸ਼ਕਲ ਫੈਸਲੇ ਹਨ। ਸਾਨੂੰ ਇਹ ਸੁਨਿਸ਼ਚਿਤ ਕਰਨ ਦੀ ਲੋੜ ਹੈ ਕਿ ਸਾਡੇ ਵੱਲੋਂ ਖਰਚ ਕੀਤੀ ਜਾਣ ਵਾਲੀ ਰਕਮ ਅਤੇ ਉਪਲੱਬਧ ਸ੍ਰੋਤ ਸਭ ਤੋਂ ਵੱਧ ਪ੍ਰਭਾਵੀ ਤਰੀਕੇ ਨਾਲ ਇਸਤੇਮਾਲ ਕੀਤੇ ਜਾਣ ਤਾਂ ਜੋ ਕਿ ਸਾਡੇ ਭਾਈਚਾਰੇ ਦੀਆਂ ਜ਼ਰੂਰੀ ਲੋੜਾਂ ਨੂੰ ਪੂਰਾ ਕੀਤਾ ਜਾ ਸਕੇ।

ਸਾਡਾ ਪ੍ਰਸਤਾਵ ਇਹ ਬਦਲਾਵ ਕਰੇਗਾ ਕਿ ਸਾਡੇ ਬੱਚਿਆਂ ਦੇ ਕੇਂਦਰਾਂ ਨੂੰ ਕਿਵੇਂ ਸੰਚਾਲਿਤ ਕੀਤਾ ਹੈ ਅਤੇ ਉਸ ਬਦਲਾਵ ਨੂੰ ਵੀ ਦੇਖੇਗਾ ਕਿ ਸੇਵਾਵਾਂ ਕਿਵੇਂ ਅਤੇ ਕਿੱਥੋਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਇਹ ਬਦਲਾਵ ਹੇਠਾਂ ਸਾਡੇ ਸੈਕਸ਼ਨ "ਸਾਡੇ ਪ੍ਰਸਤਾਵ" ਅਤੇ "ਕੀ ਪ੍ਰਭਾਵ ਪਿਆ ਹੈ?" ਵਿਚ ਦੱਸੇ ਗਏ ਹਨ। ਅਸੀਂ ਖਾਸ ਤੌਰ ’ਤੇ ਉਨ੍ਹਾਂ ਤੋਂ ਸੁਣਨ ਲਈ ਉਤਸੁਕ ਹਾਂ ਜੋ ਸਾਡੇ ਫਲਾਇੰਗ ਸਟਾਰਟ ਚਿਲਡਰਨਜ਼ ਸੈਂਟਰਾਂ ਦੀ ਵਰਤੋਂ ਕਰਦੇ ਹਨ ਅਤੇ ਅਸੀਂ ਪ੍ਰਸਤਾਵਿਤ ਤਬਦੀਲੀਆਂ ਦੇ ਕਿਸੇ ਵੀ ਸੰਭਾਵਿਤ ਪ੍ਰਭਾਵ ਨੂੰ ਸਮਝਣ ਲਈ ਵੀ ਉਤਸੁਕ ਹਾਂ।

ਸਾਡਾ ਉਦੇਸ਼ ਇਸ ਮੌਕੇ ਦਾ ਇਸਤੇਮਾਲ ਸਾਡੇ ਭਾਈਚਾਰੇ ਦੀਆਂ ਲੋੜਾਂ ਵੱਲ ਧਿਆਨ ਦੇਣਾ ਅਤੇ ਇਕ ਅਜਿਹੀ ਸੇਵਾ ਦਾ ਵਿਕਾਸ ਕਰਨਾ ਹੈ ਜੋ ਕਿ ਇਹਨਾਂ ਲੋੜਾਂ ਨੂੰ ਪੂਰਾ ਕਰ ਸਕੇ ਅਤੇ ਨਾਲ ਹੀ ਇਹ ਵੀ ਸੁਨਿਸ਼ਚਿਤ ਕਰਨਾ ਹੈ ਕਿ ਉੱਤਮ ਸੇਵਾਵਾਂ ਪ੍ਰਦਾਨ ਕਰਨ ਲਈ ਸਾਡੇ ਕੋਲ ਵਿਸ਼ੇਸ਼ ਗਿਆਨ ਅਤੇ ਲੋੜੀਂਦਾ ਕੌਸ਼ਲ ਹੈ।

**ਸਾਡੇ ਪ੍ਰਸਤਾਵ**

ਸਾਡਾ ਪ੍ਰਸਤਾਵ ਸਮਰਥਨ ਦਾ ਇਕ ਅਜਿਹਾ ਮਾਡਲ ਵਿਕਸਿਤ ਕਰਨਾ ਹੈ ਜੋ ਕਿ ਪਰਿਵਾਰਾਂ ਨੂੰ ਇਕ ਮੌਜੂਦਾ ਪਰਿਵਾਰ, ਦੋਸਤਾਂ ਅਤੇ ਭਾਈਚਾਰਕ ਨੈਟਵਰਕ ਤੱਕ ਪਹੁੰਚ ਕਰਨ ਲਈ ਉਤਸ਼ਾਹਿਤ ਕਰੇ ਅਤੇ ਉਹਨਾਂ ਦਾ ਨਿਰਮਾਣ ਕਰੇ। ਇਸ ਦਾ ਮਕਸਦ ਹੈ ਕਿ ਜਿੱਥੇ ਵੀ ਸੰਭਵ ਹੋਵੇ, ਲੋਕਾਂ ਨੂੰ ਆਪਣੇ ਹੱਲ ਅਤੇ ਟੀਚਿਆਂ ਨੂੰ ਵਿਕਸਿਤ ਕਰਨ ਦੀ ਤਾਕਤ ਦਿੱਤੀ ਜਾਵੇ। ਇਹ ਪ੍ਰਸਤਾਵਿਤ ਸੇਵਾ ਵਿਸ਼ੇਸ਼ ਵਿਦਿਅਕ ਜ਼ਰੂਰਤਾਂ ਅਤੇ ਜਾਂ ਅਪਾਹਜਤਾ (SEND) ਵਾਲੇ ਉਨ੍ਹਾਂ ਬੱਚਿਆਂ ਦੇ ਪਰਿਵਾਰਾਂ ਲਈ

ਹੋਵੇਗੀ ਜਿਹੜੇ ਬੱਚੇ 0-19 ਜਾਂ 0-25 ਸਾਲ ਦੇ ਹਨ ਅਤੇ ਬਹੁਤ ਗੁੰਝਲਦਾਰ ਅਤੇ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ, ਅਤੇ ਇਸ ਸੇਵਾ ਤੋਂ ਵਧੇਰੇ ਲਾਭ ਲੈਣਗੇ।

ਇਸ ਸੇਵਾ ਤੱਕ ਕੌਣ ਪਹੁੰਚ ਸਕਦਾ ਹੈ, ਇਹ ਨਿਰਧਾਰਤ ਕਰਨ ਲਈ ਇੱਕ ਰੈਫਰਲ ਅਤੇ ਮੁਲਾਂਕਣ ਪ੍ਰਕਿਰਿਆ ਦੀ ਵਰਤੋਂ ਕੀਤੀ ਜਾਏਗੀ ਕਿ ਅਤੇ ਉਨ੍ਹਾਂ ਲਈ ਸਹਾਇਤਾ ਦਾ ਇੱਕ ਡਰਾਅ ਪੈਕੇਜ ਤਿਆਰ ਕਰਨ ਲਈ - ਜਾਂ ਉਹਨਾਂ ਨੂੰ ਭਾਈਚਰਕ ਜਾਂ ਸਵੈਇੱਛਕ ਖੇਤਰ ਅਧਾਰਤ ਸੇਵਾਵਾਂ ਲਈ ਸਾਈਨ-ਪੋਸਟ ਕੀਤਾ ਜਾਵੇਗਾ।

ਅਸੀਂ ਇਨ੍ਹਾਂ ਪਰਿਵਾਰਾਂ ਲਈ ਏਕੀਕ੍ਰਿਤ ਸਹਾਇਤਾ ਸੇਵਾ ਪ੍ਰਦਾਨ ਕਰਾਂਗੇ:
- ਸ਼ੁਰੂਆਤੀ ਸਾਲਾਂ ਵਾਲੇ ਬੱਚੇ
- ਵਿਸ਼ੇਸ਼ ਵਿਦਿਅਕ ਲੋੜਾਂ ਅਤੇ ਅਪੰਗਤਾਵਾਂ ਵਾਲੇ ਬੱਚੇ
- ਉਹ ਬੱਚੇ ਜਿਹਨਾਂ ਨੂੰ ਕਿ ਸੁਪਰਵਿਜ਼ਨ ਸੰਪਰਕ ਦੀ ਲੋੜ ਹੈ
- ਸਕੂਲ ਜਾਣ ਦੀ ਉਮਰ ਵਾਲੇ ਬੱਚੇ
- ਕਿਸ਼ੋਰ ਅਵਸਥਾ ਵਾਲੇ ਬੱਚੇ

ਇਸ ਨੂੰ ਪ੍ਰਾਪਤ ਕਰਨ ਲਈ, ਸਾਡਾ ਉਦੇਸ਼ ਇੱਕ ਗੁਆਂਢ ਅਧਾਰਤ ਬਹੁ-ਅਨੁਸ਼ਾਸਨੀ ਪਰਿਵਾਰਕ ਸਰੋਤ ਸੇਵਾ ਨੂੰ ਵਿਕਸਿਤ ਕਰਨਾ ਹੈ ਜੋ ਲੋੜ ਦੇ ਅਧਾਰ ਤੇ ’ਤੇ ਵੱਖ ਵੱਖ ਕਿਸਮਾਂ ਦੀ ਸਹਾਇਤਾ ਪ੍ਰਦਾਨ ਕਰਦੀ ਹੈ। ਇਹ ਪ੍ਰਸਤਾਵ ਸਾਡੇ ਅਭਿਆਸਕਾਂ ਲਈ ਨਰਸਰੀਆਂ, ਸਕੂਲਾਂ ਅਤੇ ਹੋਰ ਮਹੱਤਵਪੂਰਣ ਸੇਵਾਵਾਂ ਨਾਲ ਨੇੜਲੇ ਕਾਰਜਸ਼ੀਲ ਸੰਬੰਧ ਵਿਕਸਿਤ ਕਰਨ ਲਈ ਹੈ ਜੋ ਕਿ ਗੁਆਂਢ ਦੇ 5 ਖੇਤਰਾਂ ਵਿੱਚ ਸਭ ਤੋਂ ਕਮਜ਼ੋਰ ਬੱਚਿਆਂ ਅਤੇ ਪਰਿਵਾਰਾਂ ਨੂੰ ਨਿਸ਼ਾਨਾ ਅਤੇ ਢਾਂਚਾਗਤ ਦਖਲਅੰਦਾਜ਼ੀ ਪ੍ਰਦਾਨ ਕਰਦਾ ਹੈ। ਇਸ ਸਹਾਇਤਾ ਦੀ ਦੋ ਤਰੀਕਿਆਂ ਨਾਲ ਪੇਸ਼ਕਸ਼ ਕੀਤੀ ਜਾਏਗੀ। ਪਹਿਲਾ ਪਰਿਵਾਰ ਜਾਂ ਪਰਿਵਾਰ ਦੇ ਕਿਸੇ ਮੈਂਬਰ ਨਾਲ ਸਿੱਧੇ ਤੌਰ ’ਤੇ ਇਕ ਤੋਂ ਇਕ ਦੇ ਅਧਾਰ ’ਤੇ ਜਾਂ ਤਾਂ ਇਕ ਹੱਬ ਵਿਚ ਜਾਂ ਪਰਿਵਾਰਕ ਘਰ ਵਿਚ ਕੰਮ ਕਰਨਾ ਅਤੇ ਦੂਜਾ ਸਮੂਹ ਸੈਸ਼ਨਾਂ ਦੁਆਰਾ ਕੰਮ ਕਰਨਾ ਜੋ ਕਿ ਇਕ ਹੱਬ 'ਤੇ ਆਯੋਜਿਤ ਕੀਤਾ ਜਾਵੇਗਾ।

ਅਸੀਂ ਹੇਠ ਲਿਖੀਆਂ ਜ਼ਰੂਰਤਾਂ ਦੇ ਨਾਲ ਸਹਾਇਤਾ ਪ੍ਰਦਾਨ ਕਰਾਂਗੇ:
- ਸਬੂਤ ਅਧਾਰਤ ਪਾਲਣ ਪੋਸ਼ਣ ਪ੍ਰੋਗਰਾਮਾਂ (ਜਿਵੇਂਕਿ ਪਰਿਵਾਰਾਂ ਨੂੰ ਮਜ਼ਬੂਤ ਕਰਨਾ, ਭਾਈਚਾਰਿਆਂ ਨੂੰ ਮਜ਼ਬੂਤ ਕਰਨਾ, ਅਤੇ ਅਵਿਸ਼ਵਾਸੀ ਸਾਲ) ਅਤੇ ਪਾਲਣ ਪੋਸ਼ਣ ਮੁਲਾਂਕਣ (ਅੱਲੜ੍ਹ ਉਮਰ ਦੇ ਬੱਚਿਆਂ ਦਾ ਪਾਲਣ ਪੋਸ਼ਣ, ਅਪਾਹਜ ਬੱਚਿਆਂ ਦਾ ਪਾਲਣ ਪੋਸ਼ਣ, ਮਾਪਿਆਂ ਦੇ ਟਕਰਾਅ ਨੂੰ ਘਟਾਉਣਾ)
- ਘਰੇਲੂ ਹਿੰਸਾ ਦਖਲਅੰਦਾਜ਼ੀ ਅਤੇ ਪੂਰੇ ਪਰਿਵਾਰ ਲਈ ਸਹਾਇਤਾ
- ਸਕੂਲ ਲਈ ਤਿਆਰੀ ਵਿਚ ਸਹਾਇਤਾ
- ਇਕ ਤੋਂ ਇਕ ਅਤੇ ਸਮੂਹ ਸੈਸ਼ਨਾਂ ਦੁਆਰਾ ਪਦਾਰਥ ਦੀ ਦੁਰਵਰਤੋਂ ਸਬੰਧੀ ਸਾਰੇ ਪਰਿਵਾਰਕ ਮੈਂਬਰਾਂ ਲਈ ਮਾਰਗਦਰਸ਼ਨ, ਸਲਾਹ ਅਤੇ ਸਹਾਇਤਾ ਜਿਹਨਾਂ ਨੂੰ ਇਸ ਦੀ ਲੋੜ ਹੁੰਦੀ ਹੈ।
- ਬੱਚਿਆਂ ਅਤੇ ਨੌਜਵਾਨਾਂ ਨੂੰ ਉਨ੍ਹਾਂ ਦੀ ਨਿੱਜੀ ਯਾਤਰਾ ਦੀ ਸਮਝ ਪ੍ਰਾਪਤ ਕਰਨ ਵਿਚ ਸਹਾਇਤਾ ਲਈ, ਉਹਨਾਂ ਦੇ ਅਤੀਤ ਨੂੰ ਏਕੀਕ੍ਰਿਤ ਕਰਨ ਵਿੱਚ ਸਹਾਇਤਾ ਕਰਨ ਲਈ, ਉਹਨਾਂ ਨੂੰ ਆਪਣੇ ਵਰਤਮਾਨ ਦੀ ਭਾਵਨਾ ਬਣਾਉਣ ਅਤੇ ਉਹਨਾਂ ਦੇ ਭਵਿੱਖ ਲਈ ਪਛਾਣ ਦੀ ਸਪੱਸ਼ਟ ਭਾਵਨਾ ਵਿਕਸਿਤ ਕਰਨ ਦੇ ਯੋਗ ਬਣਾਉਣ ਲਈ ਜੀਵਨ ਦੀ ਕਹਾਣੀ ਸਬਧੀ ਕਾਰਜ।
- ਦੇਖਭਾਲ ਕਰਨ ਵਾਲੇ ਨੌਜਵਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਨਿੱਜੀ ਸਹਾਇਤਾ।

- ਮਾਨਸਿਕ ਸਿਹਤ ਅਤੇ ਸਾਰੇ ਪਰਿਵਾਰਕ ਮੈਂਬਰਾਂ ਲਈ ਸਵੈ-ਮਾਣ ਸਹਾਇਤਾ ਜਿਸ ਦੀ ਕਿ ਇਕ ਤੋਂ ਇਕ ਅਤੇ ਸਮੂਹ ਸੈਸ਼ਨਾਂ ਦੁਆਰਾ ਲੋੜ ਹੁੰਦੀ ਹੈ।
- ਕਿਸ਼ੋਰ ਨੌਜਵਾਨਾਂ ਨੂੰ ਬੇਘਰ ਹੋਣ ਤੋਂ ਰੋਕਣ ਲਈ ਵਿਅਕਤੀਗਤ ਸਹਾਇਤਾ।
- ਉਹਨਾਂ ਪਰਿਵਾਰਾਂ ਲਈ ਸਹਾਇਤਾ ਜੋ ਪਬਲਿਕ ਫੰਡਾਂ ਦੀ ਵਰਤੋਂ ਨਹੀਂ ਕਰ ਸਕਦੇ। ਵਿਦੇਸ਼ਾਂ ਤੋਂ ਆਏ ਲੋਕਾਂ ਲਈ ਸਲਾਹ, ਮਾਰਗ ਦਰਸ਼ਨ ਅਤੇ ਸੀਮਤ ਸਹਾਇਤਾ ਜੋ ਕਿ ਲਾਭ ਪ੍ਰਾਪਤ ਕਰਨ ਦੇ ਯੋਗ ਨਹੀਂ ਹਨ ਅਤੇ ਬੇਸਹਾਰਾ ਹਨ ਪਰ ਲੂਟਨ ਵਿਚ 'ਇਕ ਆਮ ਵਸਨੀਕ ਦੀ ਤਰਾਂ' ਹਨ।
- ਸੁਰੱਖਿਅਤ ਨਿਗਰਾਨੀ ਵਿੱਚ ਮਾਪਿਆਂ ਨੂੰ ਉਨ੍ਹਾਂ ਦੇ ਪਾਲਣ ਪੋਸ਼ਣ ਦੇ ਹੁਨਰ ਨੂੰ ਸੁਧਾਰਨ ਵਿੱਚ ਸਹਾਇਤਾ ਲਈ ਸਲਾਹ ਅਤੇ ਮਾਰਗ ਦਰਸ਼ਨ ਪ੍ਰਦਾਨ ਕਰਨ ਵਾਲਾ ਸੁਪਰਵਾਈਜ਼ਡ ਸੰਪਰਕ
- ਸਦਮੇ ਤੋਂ ਜਾਣੂ ਪ੍ਰੈਕਟਿਸ ਅਤੇ ਪ੍ਰੇਰਣਾਦਾਇਕ ਇੰਟਰਵਿਊ ਸਾਰੇ ਪਰਿਵਾਰਕ ਮੈਂਬਰਾਂ ਲਈ ਸਹਾਇਤਾ ਪ੍ਰਦਾਨ ਕਰਨ ਲਈ ਸਾਡੀ ਪਹੁੰਚ ਹੋਵੇਗੀ ਜਿਸਦੀ ਲੋੜ ਇਕ ਤੋਂ ਇਕ ਅਤੇ ਸਮੂਹ ਸੈਸ਼ਨਾਂ ਦੁਆਰਾ ਕੀਤੀ ਜਾਂਦੀ ਹੈ।
- ਪ੍ਰਸੰਗਿਕ ਸੁਰੱਖਿਆ ਸਾਡੀ ਨੌਜਵਾਨ ਲੋਕਾਂ ਦੇ ਆਪਣੇ ਪਰਿਵਾਰਾਂ ਤੋਂ ਪਰੇ ਗੰਭੀਰ ਨੁਕਸਾਨ ਦੇ ਤਜਰਬਿਆਂ ਨੂੰ ਸਮਝਣ ਅਤੇ ਉਨ੍ਹਾਂ ਪ੍ਰਤੀ ਜਵਾਬ ਦੇਣ ਦੀ ਪਹੁੰਚ ਹੈ

- ਲੰਡਨ ਰੋਡ ਗੁੰਝਲਦਾਰ ਸਿਹਤ ਜ਼ਰੂਰਤਾਂ ਵਾਲੇ ਨੌਜਵਾਨਾਂ ਲਈ ਛੋਟੇ ਬਰੇਕ ਪ੍ਰਦਾਨ ਕਰਦਾ ਰਹੇਗਾ

- ਇਕ ਤੋਂ ਇਕ ਅਤੇ ਸਮੂਹ ਸੈਸ਼ਨਾਂ ਦੁਆਰਾ ਤਾਜ਼ਾ ਸ਼ੁਰੂਆਤ ਸਹਾਇਤਾ ਪ੍ਰਦਾਨ ਕੀਤੀ ਜਾਏਗੀ

- ਬੱਚਿਆਂ ਅਤੇ ਨੌਜਵਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ SEND ਸਹਾਇਤਾ

ਅਸੀਂ ਪਰਿਵਾਰਕ ਸਰੋਤ ਦੇ ਦੋ ਮੁੱਖ ਕੇਂਦਰਾਂ ਦੀ ਪੇਸ਼ਕਸ਼ ਕਰ ਰਹੇ ਹਾਂ, ਇਹ ਲੋੜਾਂ, ਨਿਰਮਾਣ ਦੀ ਅਨੁਕੂਲਤਾ ਅਤੇ ਪਹੁੰਚਯੋਗ ਥਾਵਾਂ ਦੇ ਅਧਾਰ ਤੇ ਚੁਣੇ ਗਏ ਸਨ, ਇਹ ਹਨ:

1. ਮੈਨੋਰ ਸੰਪਰਕ ਕੇਂਦਰ (Manor Contact Centre), Chase Street, Luton LU1 3QZ
2. ਲੀਗ੍ਰੇਵ ਖੇਤਰ ਵਿਚ (Leagrave Area), ਸਹਿਮਤ ਹੋਣ ਵਾਲੀ ਸਾਈਟ ਨਾਲ

ਦੋ ਬਾਹਰੀ ਪਹੁੰਚ ਵਾਲੇ ਅਧਾਰਾਂ 'ਤੇ:

1. ਲੰਡਨ ਰੋਡ ਰਿਸੋਰਸ ਸੈਂਟਰ (London Road Resource Centre), 111 London Road, Luton, LU1 3RH
2. ਬੀਚ ਹਿੱਲ ਚਿਲਡਰਨ ਸੈਂਟਰ (Beech Hill Children's Centre), Dunstable Road, Luton LU4 8BW

ਹਰੇਕ ਹੱਬ ਦੋ ਹਦੂਦਾਂ ਦੁਆਲੇ ਸੇਵਾ ਪ੍ਦਾਨ ਕਰੇਗਾ।

**ਕੀ ਪ੍ਰਭਾਵ ਪਿਆ ਹੈ?**

ਸਾਡੇ ਪ੍ਰਸਤਾਵ ਨੂੰ ਇਹ ਸੁਨਿਸ਼ਚਿਤ ਕਰਨਾ ਚਾਹੀਦਾ ਹੈ ਕਿ ਸਹਾਇਤਾ ਪ੍ਰਾਪਤ ਕਰਨ ਵਾਲੇ ਲੋਕਾਂ ਨੂੰ ਇੱਕ ਸੇਵਾ ਮਿਲੇਗੀ ਜੋ ਉਨ੍ਹਾਂ ਦੀਆਂ ਜ਼ਰੂਰਤਾਂ ਅਨੁਸਾਰ ਹੀ ਤਿਆਰ ਕੀਤੀ ਜਾਂਦੀ ਹੈ। ਅਸੀਂ ਹੌਲੀ ਹੌਲੀ ਸਾਰੀਆਂ ਸਰਵ ਵਿਆਪੀ ਗਤੀਵਿਧੀਆਂ ਨੂੰ ਘਟਾਵਾਂਗੇ ਜਿਵੇਂ ਕਿ ਰਹੋ ਅਤੇ ਖੇਡੋ ਅਤੇ ਹੋਰ ਸੇਵਾਵਾਂ ਜੋ ਹੇਠਾਂ ਦਿੱਤੀਆਂ ਗਈਆਂ ਹਨ* ਫਰਵਰੀ 2021 ਵਿਚ ਸ਼ੁਰੂ ਹੋਣਗੀਆਂ ਅਤੇ 30 ਅਪ੍ਰੈਲ 2021 ਤੋਂ ਸਾਰੀਆਂ ਡਿਲਵਰੀਆਂ ਬੰਦ ਕਰ ਦੇਣਗੀਆਂ। ਸਾਡੇ ਭਾਈਵਾਲਾਂ, ਜਿਵੇਂ ਕਿ ਐਨਐਚਐਸ (NHS),

ਸਮੁਦਾਇ ਸਿਹਤ ਸੇਵਾਵਾਂ, ਸਕੂਲ, ਨਰਸਰੀਆਂ ਅਤੇ ਸਮੁਦਾਇ ਅਤੇ ਸਵੈਇੱਛੁਕ ਖੇਤਰ ਦੇ ਨਾਲ ਕੰਮ ਕਰਨਾ, ਅਸੀਂ ਇਹ ਪੜਚੋਲ ਕਰਾਂਗੇ ਕਿ ਅਸੀਂ ਉਨ੍ਹਾਂ ਦੀ ਪੇਸ਼ਕਸ਼ ਕੀਤੀ ਸਹਾਇਤਾ ਨਾਲ ਸਾਡੀ ਪ੍ਰਸਤਾਵਿਤ ਨਵੀਂ ਸੇਵਾ ਵਿਚ ਕਿਵੇਂ ਸ਼ਾਮਲ ਹੋ ਸਕਦੇ ਹਾਂ।
ਅਸੀਂ ਹੁਣ ਹੇਠਾਂ ਦਿੱਤੇ ਸਥਾਨਾਂ ਤੇ ਬੱਚਿਆਂ ਦੀ ਕੇਂਦਰੀ ਹਦੂਦ ਤੋਂ ਬੱਚਿਆਂ ਦੀਆਂ ਕੋਈ ਵੀ ਸੈਂਟਰ ਸੇਵਾਵਾਂ ਪ੍ਰਦਾਨ ਨਹੀਂ ਕਰਾਂਗੇ:

- ਫਲਾਇੰਗ ਸਟਾਰਟ ਸੈਂਟਰਲ ਚਿਲਡਰਨਜ਼ ਸੈਂਟਰ (Flying Start Central Children's Centre): (ਡੇਨਬੀਗ (Denbigh), ਸਟਾਪਸਲੇ ਬੈਪਟਿਸਟ ਚਰਚ (Stopsley Baptist Church))
- ਫਲਾਇੰਗ ਸਟਾਰਟ ਨੋਰਥ ਚਿਲਡਰਨਜ਼ ਸੈਂਟਰ (Flying Start North Children's Centre): (ਲਿਮਬੁਰੀ (Limbury), ਰੈਡਗਰੇਵ ਸੀਵਾਈਪੀ (Redgrave CYP), ਗਿੱਲ ਬਲੋਅਰਜ਼ ਨਰਸਰੀ ਲੀਬੈਂਕ (Gill Blowers Nursery Leabank))
- ਫਲਾਇੰਗ ਸਟਾਰਟ ਸਾਊਥ ਚਿਲਡਰਨਜ਼ ਸੈਂਟਰ (Flying Start South Children's Centre): ਪਾਰਕ ਟਾਊਨ (Park Town), ਵਿੱਪਰਲੀ (Whipperley), ਦਿ ਮਾਲ (The Mall))
- ਫਲਾਇੰਗ ਸਟਾਰਟ ਵੈਸਟ ਚਿਲਡਰਨਜ਼ ਸੈਂਟਰ (Flying Start West Children's Centre): (ਡੈਲੋ (Dallow), ਪੈਸਟਚਰ ਵੇਅ ਨਰਸਰੀ (Pastures Way Nursery), ਫੌਕਸਡੇਲ (Foxdell), ਬੀਚਵੁੱਡ (Beechwood), ਮੌਸਡੇਲ ਕੋਰਟ (Mossdale Court), ਲੀਗਰੇਵ (Leagrave), ਚੌਲ ਐਂਡ ਕਮਿਊਨਿਟੀ ਸੈਂਟਰ (Chaul End Community Centre))

'ਤੇ ਮੌਜੂਦਾ ਫਲਾਇੰਗ ਸਟਾਰਟ ਡਿਲਿਵਰੀ ਸਾਈਟਾਂ ਦਿਖਾਉਣ ਵਾਲਾ ਇੱਕ ਨਕਸ਼ਾ ਉਪਲਬਧ ਹੈ।
https://www.flyingstartluton.com/wp-content/uploads/2018/08/Flying-Start-May-2018-Revision.pdf

ਹਾਲਾਂਕਿ ਅਸੀਂ ਇਹ ਯਕੀਨੀ ਬਣਾਉਣ ਲਈ ਮੌਕਿਆਂ ਦੀ ਪੜਚੋਲ ਕਰਾਂਗੇ ਕਿ ਬੱਚਿਆਂ, ਨੌਜਵਾਨਾਂ ਅਤੇ ਪਰਿਵਾਰਾਂ ਦੀ ਸਹਾਇਤਾ ਲਈ ਬਿਲਡਿੰਗਾਂ ਦੀ ਵਰਤੋਂ ਜਾਰੀ ਰਹੇਗੀ।

ਅਸੀਂ ਤੁਹਾਡੇ ਵਿਚਾਰਾਂ ਨੂੰ ਸੁਣਨਾ ਚਾਹੁੰਦੇ ਹਾਂ ਕਿ ਸਾਡੇ ਪ੍ਰਸਤਾਵ ਤੁਹਾਡੇ ਦੁਆਰਾ ਪ੍ਰਾਪਤ ਕੀਤੀ ਸਹਾਇਤਾ ਤੱਕ ਪਹੁੰਚਣ 'ਤੇ ਕਿਵੇਂ ਪ੍ਰਭਾਵ ਪਾਉਂਦੀਆਂ ਹਨ। ਫਿਰ ਅਸੀਂ ਤੁਹਾਡੇ ਵਿਚਾਰਾਂ ਦੀ ਵਰਤੋਂ ਨਵੇਂ ਮਾਡਲ ਨੂੰ ਤਿਆਰ ਕਰਨ ਵਿਚ ਸਹਾਇਤਾ ਹਾਸਲ ਕਰਨ ਲਈ ਕਰਾਂਗੇ।

*ਪ੍ਰਸਤਾਵਿਤ ਵਿਆਪਕ ਸੇਵਾਵਾਂ ਜੋ 30 ਅਪ੍ਰੈਲ 2021 ਨੂੰ ਖ਼ਤਮ ਹੋਣਗੀਆਂ
ਗਰਭ ਅਵਸਥਾ ਕਲੱਬ, ਬੰਪ ਟੂ ਬੇਬ ਜਨਮ ਤੋਂ ਪਹਿਲਾਂ ਦੀ ਸਿੱਖਿਆ, ਆਪਣੇ ਨਵਾਂ ਜਨਮ ਨੂੰ ਅਪਨਾਓ, ਬ੍ਰੈਸਟ ਫੀਡਿੰਗ ਕੈਫੇ, ਟੇਕ 5 ਕੈਫੇ, ਬੇਬੀ ਮਸਾਜ, ਬੇਬੀ ਟਾਕ, ਸਟੇ ਐਂਡ ਪਲੇ, ਮੈਸੀ ਪਲੇ, ਸਿੰਗ ਐਂਡ ਸਾਈਨ, ਪਾਲਣ ਪੋਸ਼ਨ ਸਬੰਧੀ ਪਜ਼ਲ ਕੋਰਸ, ਪਾਲਣ ਪੋਸ਼ਣ ਪ੍ਰੋਗਰਾਮ ਕੋਰਸ, ਹੈਨਰੀ ਕੋਰਸ (ਸਿਹਤਮੰਦ ਜੀਵਨ ਸ਼ੈਲੀ, ਖਾਣ-ਪੀਣ ਅਤੇ ਪੋਸ਼ਣ), ਸਿਹਤ ਸੰਬੰਧੀ ਹੋਰ ਸੇਵਾਵਾਂ ਜੋ ਇਸ ਸਮੇਂ ਫਲਾਇੰਗ ਸਟਾਰਟ ਚਿਲਡਰਨ ਸੈਂਟਰ ਦੀਆਂ ਸਾਈਟਾਂ ਦੇ ਅੰਦਰ ਆਉਂਦੀਆਂ ਹਨ।

# <u>ਲੂਟਨ (Luton)</u>

# ਬੱਚਿਆਂ ਦੇ ਕੇਂਦਰ ਨੂੰ ਮੁੜ ਤੋਂ ਡਿਜ਼ਾਈਨ ਕਰਨ ਲਈ ਸਲਾਹ-ਮਸ਼ਵਰੇ ਦੇ ਸਰਵੇਖਣ

## ਸੰਖੇਪ ਜਾਣਕਾਰੀ

ਸਾਡੇ ਕੋਲ ਕਰਨ ਲਈ ਕੁਝ ਬਹੁਤ ਮੁਸ਼ਕਲ ਫੈਸਲੇ ਹਨ।

ਕੋਵਿਡ-19 ਸੰਕਟ ਦਾ ਜਿਸਦਾ ਅਸਰ ਕੌਂਸਲ ਦੀਆਂ ਸੇਵਾਵਾਂ ਲਈ ਉਪਲੱਬਧ ਫੰਡਿੰਗ ’ਤੇ ਪਿਆ ਹੈ। ਇਸ ਦਾ ਅਰਥ ਇਹ ਹੈ ਕਿ ਬੱਚਿਆਂ ਦੀਆਂ ਸੇਵਾਵਾਂ ਨੂੰ ਐਮਰਜੈਂਸੀ ਬਜਟ ਦਾ ਸਮਰਥਨ ਕਰਨ ਲਈ 3.2 ਮਿਲੀਅਨ ਡਾਲਰ ਦੀ ਬਚਤ ਕਰਨੀ ਪਵੇਗੀ।

ਲੂਟਨ ਦਾ ਬੱਚਿਆਂ ਵਾਲਾ ਪਰਿਵਾਰ ਅਤੇ ਸਿੱਖਿਆ ਵਿਭਾਗ ਲੂਟਨ 2040 ਵੱਲ ਕੰਮ ਕਰਨ ਲਈ ਵਚਨਬੱਧ ਹੈ। ਅਸੀਂ ਮੰਨਦੇ ਹਾਂ ਕਿ ਸਾਰੇ ਬੱਚੇ ਆਪਣੀ ਪੂਰੀ ਸਮਰੱਥਾ ’ਤੇ ਪਹੁੰਚਣ ਅਤੇ ਇਕ ਚੰਗੀ ਜ਼ਿੰਦਗੀ ਜਿਊਣ ਦੇ ਹੱਕਦਾਰ ਹਨ। ਇਸ ਲਈ ਇਹ ਲਾਜ਼ਮੀ ਹੈ ਕਿ ਸਾਡੇ ਵੱਲੋਂ ਖਰਚੇ ਗਏ ਪੈਸੇ ਅਤੇ ਉਪਲਬਧ ਸਰੋਤਾਂ ਦੀ ਵਰਤੋਂ ਸਾਡੇ ਸਮੁਦਾਇ ਵਿਚ ਸਭ ਤੋਂ ਕਮਜ਼ੋਰ ਲੋਕਾਂ ਦੀਆਂ ਜ਼ਰੂਰਤਾਂ ਦੀ ਪੂਰਤੀ ਸਭ ਤੋਂ ਪ੍ਰਭਾਵਸ਼ਾਲੀ ਤਰੀਕੇ ਨਾਲ ਕੀਤੀ ਜਾਵੇ।

## ਅਸੀਂ ਸਲਾਹ-ਮਸ਼ਵਰਾ ਕਿਉਂ ਕਰ ਰਹੇ ਹਾਂ

ਸਾਡਾ ਪ੍ਰਸਤਾਵ ਇਹ ਬਦਲਾਵ ਕਰੇਗਾ ਕਿ ਸਾਡੇ ਬੱਚਿਆਂ ਦੇ ਕੇਂਦਰਾਂ ਨੂੰ ਕਿਵੇਂ ਸੰਚਾਲਿਤ ਕੀਤਾ ਹੈ ਅਤੇ ਉਸ ਬਦਲਾਵ ਨੂੰ ਵੀ ਦੇਖੇਗਾ ਕਿ ਸੇਵਾਵਾਂ ਕਿਵੇਂ ਅਤੇ ਕਿੱਥੋਂ ਪ੍ਦਾਨ ਕੀਤੀਆਂ ਜਾਂਦੀਆਂ ਹਨ। ਇਹ ਤਬਦੀਲੀਆਂ ਨਾਲ ਨੱਥੀ ਕੀਤੇ ਗਏ ਸਲਾਹ-ਮਸ਼ਵਰੇ ਵਾਲੇ ਦਸਤਾਵੇਜ਼ ਦੇ ਸੈਕਸ਼ਨ "ਸਾਡੇ ਪ੍ਸਤਾਵ" ਅਤੇ "ਕੀ ਪ੍ਰਭਾਵ ਪਿਆ ਹੈ?" ਵਿੱਚ ਨਿਰਧਾਰਤ ਕੀਤੀਆਂ ਗਈਆਂ ਹਨ।

ਅਸੀਂ ਖਾਸ ਤੌਰ ’ਤੇ ਉਨ੍ਹਾਂ ਤੋਂ ਸੁਣਨ ਲਈ ਉਤਸੁਕ ਹਾਂ ਜੋ ਸਾਡੇ ਫਲਾਇੰਗ ਸਟਾਰਟ ਚਿਲਡਰਨਜ਼ ਸੈਂਟਰਾਂ ਦੀ ਵਰਤੋਂ ਕਰਦੇ ਹਨ ਅਤੇ ਅਸੀਂ ਪ੍ਰਸਤਾਵਿਤ ਤਬਦੀਲੀਆਂ ਦੇ ਕਿਸੇ ਵੀ ਸੰਭਾਵਿਤ ਪ੍ਰਭਾਵ ਨੂੰ ਸਮਝਣ ਲਈ ਵੀ ਉਤਸੁਕ ਹਾਂ।

ਅਸੀਂ ਇੱਕ ਸੇਵਾ ਵਿਕਸਤ ਕਰਨ ਲਈ ਆਪਣੇ ਸਮੁਦਾਇ ਦੀਆਂ ਜ਼ਰੂਰਤਾਂ 'ਤੇ ਦੁਬਾਰਾ ਵਿਚਾਰ ਕਰਾਂਗੇ ਜੋ ਉਨ੍ਹਾਂ ਜ਼ਰੂਰਤਾਂ ਨੂੰ ਪੂਰਾ ਕਰਦਾ ਹੈ ਅਤੇ ਅਸੀਂ ਇਹ ਵੀ ਸੁਨਿਸ਼ਚਿਤ ਕਰਾਂਗੇ ਕਿ ਸਾਡੇ ਕੋਲ ਇੱਕ ਵਧੀਆ ਸੇਵਾ ਪ੍ਰਦਾਨ ਕਰਨ ਲਈ ਲੋੜੀਂਦਾ ਮਾਹਰ ਗਿਆਨ ਅਤੇ ਹੁਨਰ ਹੈ।

ਅਸੀਂ ਆਪਣੇ ਪ੍ਰਸਤਾਵਾਂ 'ਤੇ ਤੁਹਾਡੇ ਵਿਚਾਰ ਸੁਣਨਾ ਚਾਹੁੰਦੇ ਹਾਂ। ਕਿਰਪਾ ਕਰਕੇ ਹੇਠ ਦਿੱਤੇ ਪ੍ਰਸਤਾਵਾਂ ਬਾਰੇ ਪੜ੍ਹੋ ਅਤੇ 20 ਸਤੰਬਰ 2020 ਤੋਂ ਪਹਿਲਾਂ ਆਨਲਾਈਨ ਸਰਵੇਖਣ ਨੂੰ ਪੂਰਾ ਕਰੋ।

**ਕੋਵਿਡ-19 ਦੇ ਕਾਰਨ ਕੋਈ ਆਹਮੋ-ਸਾਹਮਣੇ ਬੈਠ ਕੇ ਕਰਨ ਵਾਲੀ ਮੀਟਿੰਗ ਨਹੀਂ ਕੀਤੀ ਗਈ, ਹਾਲਾਂਕਿ ਆਨਲਾਈਨ ਬੈਠਕਾਂ ਹੋਣਗੀਆਂ ਤਾਂ ਜੋ ਹਿੱਸੇਦਾਰ ਪ੍ਰਸਤਾਵਾਂ ਬਾਰੇ ਸੁਣ ਸਕਣ ਅਤੇ ਪ੍ਰਸ਼ਨ ਪੁੱਛ ਸਕਣ।**

**ਇਹ ਮੀਟਿੰਗਾਂ 13 ਅਗਸਤ ਨੂੰ 1ਪੀਐਮ ਅਤੇ 6.30 ਪੀਐਮ ਨੂੰ ਜ਼ੂਮ ਰਾਹੀਂ ਹੋਣੀਆਂ ਤੈਅ ਕੀਤੀਆਂ ਗਈਆਂ ਹਨ। ਜੇਕਰ ਤੁਸੀਂ ਇਸ ਮੀਟਿੰਗ ਵਿਚ ਸ਼ਾਮਲ ਹੋਣਾ ਚਾਹੁੰਦੇ ਹੋ ਤਾਂ ਕਿਰਪਾ ਕਰ ਕੇ ਸਾਨੂ ਇਕ ਈਮੇਲ ਭੇਜ ਕੇ ਸੂਚਿਤ ਕਰੋ।**

ਅਸੀਂ ਲੋਕਾਂ ਨੂੰ ਇਸ ਸਲਾਹ-ਮਸ਼ਵਰੇ ਦਾ ਆਨਲਾਈਨ ਜਵਾਬ ਦੇਣ ਲਈ ਉਤਸ਼ਾਹਿਤ ਕਰਦੇ ਹਾਂ ਪਰ ਤੁਸੀਂ ਹੇਠਾਂ 'ਸਬੰਧਤ ਦਸਤਾਵੇਜ਼ਾਂ' ਭਾਗ ਤੋਂ ਸਰਵੇਖਣ ਦੀ ਕਾਗਜ਼ ਦੀ ਨਕਲ ਡਾਊਨਲੋਡ ਕਰ ਸਕਦੇ ਹੋ। ਵਿਕਲਪਿਕ ਰੂਪ ਵਿਚ, ਕਾਗਜ਼ ਦੀਆਂ ਕਾਪੀਆਂ ਟਾਊਨ ਹਾਲ (Town Hall) ਤੋਂ ਜਾਂ ਇਸ ਪੰਨੇ 'ਤੇ ਸੰਪਰਕ ਵੇਰਵਿਆਂ ਦੀ ਵਰਤੋਂ ਕਰਦੇ ਹੋਏ ਸਾਡੇ ਨਾਲ ਸੰਪਰਕ ਕਰਕੇ ਉਪਲਬਧ ਹੋਣਗੀਆਂ।

## ਜਾਣ-ਪਛਾਣ

ਕਿਰਪਾ ਕਰਕੇ ਭਰੋਸਾ ਦਿਵਾਓ ਕਿ ਸਾਰੇ ਜਵਾਬ ਗੁਪਤ ਰੱਖੇ ਜਾਣਗੇ।

ਜੇ ਇਸ ਸਲਾਹ-ਮਸ਼ਵਰੇ ਸੰਬੰਧੀ ਤੁਹਾਡੇ ਕੋਲ ਕੋਈ ਪ੍ਰਸ਼ਨ ਹਨ, ਤਾਂ ਤੁਸੀਂ **PeopleDirectorateSupportUnit@luton.gov.uk** ’ਤੇ ਈਮੇਲ ਕਰ ਸਕਦੇ ਹੋ ਜਾਂ ਤੁਸੀਂ ਆਪਣੇ ਸੰਪਰਕ ਵੇਰਵਿਆਂ ਸਮੇਤ 01582 546939 ’ਤੇ ਇੱਕ ਵੁਆਇਸਮੇਲ ਸੁਨੇਹਾ ਛੱਡ ਸਕਦੇ ਹੋ ਅਤੇ ਅਸੀਂ ਤੁਹਾਡੇ ਨਾਲ ਸੰਪਰਕ ਕਰ ਲਵਾਂਗੇ।

ਜੇ ਤੁਸੀਂ 13 ਅਗਸਤ ਨੂੰ ਜ਼ੂਮ ਮੀਟਿੰਗ ਵਿਚ ਸ਼ਾਮਲ ਹੋਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਸਾਨੂੰ ਇਕ ਈਮੇਲ ਭੇਜੋ।

ਕਿਰਪਾ ਕਰਕੇ 20 ਸਤੰਬਰ 2020 ਤੋਂ ਪਹਿਲਾਂ ਫ੍ਰੀਪੋਸਟ ਲੂਟਨ ਬੋਰਗ ਕੌਂਸਲ (LUTON BOROUGH COUNCIL) ਆਈਐਫਆਰਐਸ (IFRS) ਸਲਾਹ-ਮਸ਼ਵਰੇ ਨੂੰ ਆਪਣੀ ਮੁਕੰਮਲ ਪ੍ਰਸ਼ਨਾਵਲੀ (ਕਿਸੇ ਮੋਹਰ ਦੀ ਲੋੜ ਨਹੀਂ ਹੈ) ਵਾਪਸ ਭੇਜੋ।

**1** ਕੀ ਤੁਸੀਂ ਇਸ ਸਲਾਹ-ਮਸ਼ਵਰੇ ਦਾ ਮੁੱਖ ਤੌਰ ’ਤੇ ਵਜੋਂ ਜਵਾਬ ਦੇ ਰਹੇ ਹੋ ...?

*ਕਿਰਪਾ ਕਰ ਕੇ ਸਿਰਫ ਇਕ ਆਈਟਮ ਦੀ ਚੋਣ ਕਰੋ*

○ ਮਾਤਾ / ਪਿਤਾ / ਦੇਖਭਾਲ ਕਰਨ ਵਾਲਾ ○ 18 ਸਾਲ ਤੋਂ ਘੱਟ ਉਮਰ ਦਾ ਨੌਜਵਾਨ ○ ਜਨਤਾ ਦਾ ਮੈਂਬਰ ○ ਸਿਹਤ ਪ੍ਰਤੀਨਿਧ / ਜੀਪੀ ○ ਸਕੂਲ ਪ੍ਰਤੀਨਿਧੀ ○ ਟਰੇਡ ਯੂਨੀਅਨ ਦਾ ਪ੍ਰਤੀਨਿਧੀ ○ ਬੱਚਿਆਂ ਦੇ ਸੈਂਟਰ ਦਾ ਸਟਾਫ ਦਾ ਮੈਂਬਰ ○ ਸਵੈਇੱਛੁਕ ਅਤੇ ਸਮੁਦਾਇਕ ਸੈਕਟਰ ਦੀ ਸੰਸਥਾ ○ ਨਿਜੀ ਖੇਤਰ ਦਾ ਸੰਗਠਨ ○ ਕੌਂਸਲ ਦਾ ਮੈਂਬਰ / ਸੰਸਦ ਮੈਂਬਰ ○ ਹੋਰ

ਹੋਰ, ਕਿਰਪਾ ਕਰਕੇ ਨਿਰਧਾਰਤ ਕਰੋ

ਜੇ ਲਾਗੂ ਹੁੰਦਾ ਹੈ, ਤਾਂ ਕਿਰਪਾ ਕਰਕੇ ਆਪਣੀ ਸੰਸਥਾ ਦਾ ਨਾਮ ਮੁਹੱਈਆ ਕਰਾਓ:

**2** ਕੀ ਤੁਹਾਡੇ ਕੋਲ ਕੋਈ ਅਜਿਹਾ ਬੱਚਾ ਜਾਂ ਬੱਚੇ ਹਨ ਜੋ ਕਿ ਵਿਸ਼ੇਸ਼ ਵਿਦਿਅਕ ਜ਼ਰੂਰਤਾਂ ਅਤੇ ਜਾਂ ਅਪੰਗਤਾਵਾਂ ਵਾਲੇ ਬੱਚੇ ਹਨ?

*ਕਿਰਪਾ ਕਰ ਕੇ ਸਿਰਫ ਇਕ ਆਈਟਮ ਦੀ ਚੋਣ ਕਰੋ*

○ ਹਾਂ ○ ਨਾਂਹ

ਜੇ ਹਾਂ ਤਾਂ ਕਿੰਨੇ ਬੱਚੇ?

## ਬੱਚਿਆਂ ਦੀਆਂ ਕੇਂਦਰੀ ਸੇਵਾਵਾਂ

**3** ਕੀ ਤੁਸੀਂ ਪਿਛਲੇ ਦੋ ਸਾਲਾਂ ਵਿੱਚ ਹੇਠਾਂ ਦਿੱਤੀਆਂ ਵਿਚੋਂ ਕੁਝ ਸੇਵਾਵਾਂ ਦੀ ਵਰਤੋਂ ਕੀਤੀ ਹੈ? ਜੇ ਅਜਿਹਾ ਹੈ ਤਾਂ ਕਿਰਪਾ ਕਰਕੇ ਸਬੰਧਤ ਸੇਵਾਵਾਂ 'ਤੇ ਸਹੀ ਲਗਾਓ

*ਕਿਰਪਾ ਕਰਕੇ ਲਾਗੂ ਹੋਣ ਵਾਲੇ ਸਭ ਦੀ ਚੋਣ ਕਰੋ*

☐ ਫਲਾਇੰਗ ਸਟਾਰਟ ਚਿਲਡਰਨਜ਼ ਸੈਂਟਰ ☐ ਛੇਤੀ ਸਹਾਇਤਾ ☐ ਤਾਜ਼ਾ ਸ਼ੁਰੂਆਤ
☐ ਮੈਨੋਰ ਸੰਪਰਕ ਕੇਂਦਰ

**4** ਆਮ ਸਥਿਤੀਆਂ ਵਿੱਚ (ਜਿਵੇਂਕਿ ਕੋਵਿਡ-19 ਸੰਕਟ ਤੋਂ ਪਹਿਲਾਂ) ਅਕਸਰ ਤੁਸੀਂ ਲੂਟਨ ਵਿੱਚ ਬੱਚਿਆਂ ਦੀਆਂ ਕੇਂਦਰੀ ਸੇਵਾਵਾਂ ਦੀ ਵਰਤੋਂ ਕਰੋਗੇ?

*ਕਿਰਪਾ ਕਰ ਕੇ ਸਿਰਫ ਇਕ ਆਈਟਮ ਦੀ ਚੋਣ ਕਰੋ*

○ ਹਫ਼ਤੇ ਵਿਚ 2 ਜਾਂ ਵਧੇਰੇ ਵਾਰ ○ ਹਫ਼ਤੇ ਵਿਚ ਇਕ ਵਾਰ ○ ਮਹੀਨੇ ਵਿਚ ਕੁਝ ਵਾਰ
○ ਮਹੀਨੇ ਵਿਚ ਇਕ ਵਾਰ ○ ਇੱਕ ਮਹੀਨੇ ਵਿੱਚ ਇੱਕ ਤੋਂ ਘੱਟ ਵਾਰ ○ ਮੈਂ ਬੱਚਿਆਂ ਦੇ ਕਿਸੇ ਵੀ ਕੇਂਦਰਾਂ ਦੀ ਵਰਤੋਂ ਨਹੀਂ ਕਰਦਾ

## ਪ੍ਰਸਤਾਵਾਂ ਬਾਰੇ

**5** ਕੀ ਤੁਹਾਨੂੰ ਲਗਦਾ ਹੈ ਕਿ ਪ੍ਰਸਤਾਵਿਤ ਤਬਦੀਲੀਆਂ ਤੁਹਾਡੇ, ਤੁਹਾਡੇ ਪਰਿਵਾਰ ਅਤੇ / ਜਾਂ ਹੋਰਨਾਂ ’ਤੇ ਸਕਾਰਾਤਮਕ ਜਾਂ ਨਕਾਰਾਤਮਕ ਪ੍ਰਭਾਵ ਪਾਉਣਗੀਆਂ?

*ਕਿਰਪਾ ਕਰ ਕੇ ਸਿਰਫ ਇਕ ਆਈਟਮ ਦੀ ਚੋਣ ਕਰੋ*

○ ਇੱਕ ਸਕਾਰਾਤਮਕ ਪ੍ਰਭਾਵ ○ ਇੱਕ ਨਕਾਰਾਤਮਕ ਪ੍ਰਭਾਵ ○ ਕੋਈ ਪ੍ਰਭਾਵ ਨਹੀਂ ○ ਪਤਾ ਨਹੀਂ / ਨਿਸ਼ਚਤ ਨਹੀਂ
ਕਿਰਪਾ ਕਰ ਕੇ ਵਿਆਖਿਆ ਕਰੋ:

## ਸਰਵ ਵਿਆਪੀ ਸੇਵਾਵਾਂ

**ਅਸੀਂ 31 ਮਾਰਚ 2021 ਤੋਂ ਸਰਵ ਵਿਆਪਕ ਗਤੀਵਿਧੀਆਂ ਦੇਣਾ ਬੰਦ ਕਰਨ ਦਾ ਪ੍ਰਸਤਾਵ ਦੇ ਰਹੇ ਹਾਂ। ਇਸ ਦੀ ਬਜਾਏ ਅਸੀਂ ਆਪਣੇ ਭਾਈਵਾਲਾਂ ਨਾਲ ਵਿਚਾਰ ਕਰਾਂਗੇ ਕਿ ਇਨ੍ਹਾਂ ਵਿੱਚੋਂ ਕੁਝ ਸੇਵਾਵਾਂ ਉਹਨਾਂ ਦੁਆਰਾ ਕਿਵੇਂ ਪ੍ਰਦਾਨ ਕੀਤੀਆਂ ਜਾ ਸਕਦੀਆਂ ਹਨ।**

* ਗਰਭ ਅਵਸਥਾ ਕਲੱਬ, ਬੰਪ ਟੂ ਬੇਬ ਜਨਮ ਤੋਂ ਪਹਿਲਾਂ ਦੀ ਸਿੱਖਿਆ, ਆਪਣੇ ਨਵੇਂ ਜਨਮੇਂ ਬੱਚੇ ਨੂੰ ਛਾਤੀ ਦਾ ਦੁੱਧ ਪਿਲਾਉਣਾ, ਛਾਤੀ ਦਾ ਦੁੱਧ ਪਿਲਾਉਣ ਵਾਲੇ ਕੈਫੇ, ਟੇਕ 5 ਕੈਫੇ, ਬੇਬੀ ਮਸਾਜ, ਬੇਬੀ ਟਾਕ, ਸਟੇਟ ਐਂਡ ਪਲੇ, ਮੈਸੀ ਪਲੇ, ਸਿੰਗ ਐਂਡ ਸਾਈਨ, ਪਾਲਣ-ਪੋਸ਼ਣ ਸਬੰਧੀ ਪਜ਼ਲ ਕੋਰਸ, ਪਾਲਣ ਪੋਸ਼ਣ ਪ੍ਰੋਗਰਾਮ ਕੋਰਸ, ਹੈਨਰੀ ਕੋਰਸ (ਸਿਹਤਮੰਦ ਜੀਵਨ ਸ਼ੈਲੀ,

ਖਾਣਾ ਅਤੇ ਪੋਸ਼ਣ), ਸਿਹਤ ਨਾਲ ਜੁੜੀਆਂ ਹੋਰ ਸੇਵਾਵਾਂ ਜੋ ਇਸ ਸਮੇਂ ਫਲਾਇੰਗ ਸਟਾਰਟ ਚਿਲਡਰਨ ਸੈਂਟਰ ਦੀਆਂ ਸਾਈਟਾਂ ਰਾਹੀਂ ਦਿੱਤੀਆਂ ਜਾਂਦੀਆਂ ਹਨ।

**6** ਤੁਸੀਂ ਕਿਹੜੀਆਂ ਸਰਵ ਵਿਆਪੀ ਗਤੀਵਿਧੀਆਂ ਜ਼ਰੂਰੀ ਮਹਿਸੂਸ ਕਰਦੇ ਹੋ ਅਤੇ ਇਸ ਨੂੰ ਪਹਿਲ ਦੇ ਤੌਰ ਤੇ ਮੰਨਿਆ ਜਾਣਾ ਚਾਹੀਦਾ ਹੈ?

ਕਿਰਪਾ ਕਰ ਕੇ ਦੱਸੋ ਕਿ ਕਿਉਂ

**7** ਜੇ ਤੁਸੀਂ ਭਾਈਵਾਲ ਏਜੰਸੀ ਹੋ ਤਾਂ ਤੁਹਾਨੂੰ ਕਿਵੇਂ ਮਹਿਸੂਸ ਹੁੰਦਾ ਹੈ ਕਿ ਤਬਦੀਲੀਆਂ ਤੁਹਾਡੀ ਸੇਵਾ ਅਤੇ ਉਨ੍ਹਾਂ ਪਰਿਵਾਰਾਂ ਨੂੰ ਪ੍ਰਭਾਵਤ ਕਰਨਗੀਆਂ ਜਿਨ੍ਹਾਂ ਦੀ ਤੁਸੀਂ ਸਹਾਇਤਾ ਕਰਦੇ ਹੋ?

ਕਿਰਪਾ ਕਰ ਕੇ ਦੱਸੋ

## ਬਹੁਤ ਕਮਜ਼ੋਰ ਪਰਿਵਾਰਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨਾ

**8** ਕੀ ਤੁਹਾਨੂੰ ਲਗਦਾ ਹੈ ਕਿ ਏਕੀਕ੍ਰਿਤ ਪਰਿਵਾਰਕ ਸਰੋਤ ਸੇਵਾਵਾਂ ਵਿਚ ਪ੍ਰਸਤਾਵਿਤ ਤਬਦੀਲੀਆਂ ਲੂਟਨ ਦੇ ਸਭ ਤੋਂ ਕਮਜ਼ੋਰ ਪਰਿਵਾਰਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨਗੀਆਂ?

*ਕਿਰਪਾ ਕਰ ਕੇ ਸਿਰਫ ਇਕ ਆਈਟਮ ਦੀ ਚੋਣ ਕਰੋ*

◯ ਹਾਂ ◯ ਨਹੀਂ ◯ ਪਤਾ ਨਹੀਂ / ਨੂੰ ਪੱਕਾ ਪਤਾ ਨਹੀਂ

ਕਿਰਪਾ ਕਰ ਕੇ ਵਿਆਖਿਆ ਕਰੋ:

## ਸੁਝਾਅ ਅਤੇ ਟਿੱਪਣੀਆਂ

**9** ਕੀ ਤੁਹਾਡੇ ਕੋਲ ਵਿਕਲਪਿਕ ਤਰੀਕਿਆਂ ਲਈ ਕੋਈ ਸੁਝਾਅ ਹਨ ਜੋ ਕੌਂਸਲ ਲੋੜੀਂਦੀ ਬਚਤ ਪ੍ਰਦਾਨ ਕਰਨ ਲਈ ਅਪਣਾ ਸਕਦੀ ਹੈ?

ਕਿਰਪਾ ਕਰ ਕੇ ਹੇਠਾਂ ਬਾਕਸ ਵਿਚ ਲਿਖੋ

**10** ਕੀ ਤੁਹਾਡੇ ਕੋਲ ਲੂਟਨ ਬੱਚਿਆਂ ਦੇ ਕੇਂਦਰਾਂ ਵਿਚ ਪ੍ਰਸਤਾਵਿਤ ਤਬਦੀਲੀਆਂ ਬਾਰੇ ਕੋਈ ਸੁਝਾਅ ਹਨ ਉਦਾਹਰਣ ਲਈ ਵਿਕਲਪਿਕ ਤੌਰ-ਤਰੀਕੇ, ਕੌਂਸਲ ਕਿਉਂ ਬੱਚਿਆਂ ਦੇ ਕਿਸੇ ਵਿਸ਼ੇਸ਼ ਕੇਂਦਰ ਜਾਂ ਕੁਝ ਹੋਰ ਜੋ ਤੁਸੀਂ ਸ਼ਾਮਲ ਕਰਨਾ ਚਾਹੁੰਦੇ ਹੋ ਨੂੰ ਬੰਦ ਕਰਨ ਜਾਂ ਰੱਖਣ ਬਾਰੇ ਵਿਚਾਰ ਕਰੇ?

ਕਿਰਪਾ ਕਰ ਕੇ ਹੇਠਾਂ ਬਾਕਸ ਵਿਚ ਲਿਖੋ

## 11 ਕੀ ਤੁਹਾਡੇ ਕੋਲ ਕੋਈ ਹੋਰ ਟਿੱਪਣੀਆਂ ਹਨ ਜਿਨ੍ਹਾਂ ਬਾਰੇ ਕੌਂਸਲ ਨੂੰ ਵਿਚਾਰ ਕਰਨਾ ਚਾਹੀਦਾ ਹੈ?

ਕਿਰਪਾ ਕਰ ਕੇ ਹੇਠਾਂ ਬਾਕਸ ਵਿਚ ਲਿਖੋ

# ਤੁਹਾਡੇ ਬਾਰੇ

'ਤੁਹਾਡੇ ਬਾਰੇ' ਭਾਗ ਵਿਚ ਜਿਹੜੀ ਜਾਣਕਾਰੀ ਤੁਸੀਂ ਪ੍ਰਦਾਨ ਕਰਦੇ ਹੋ, ਉਹ ਕੌਂਸਲ ਨੂੰ ਇਸ ਬਾਰੇ ਹੋਰ ਵਧੇਰੇ ਜਾਣਕਾਰੀ ਦਿੰਦੀ ਹੈ ਕਿ ਕਿਸ ਨੇ ਸਲਾਹ-ਮਸ਼ਵਰੇ ਲਈ ਪ੍ਰਤੀਕ੍ਰਿਆ ਦਿੱਤੀ ਹੈ ਅਤੇ ਇਹ ਫੀਡਬੈਕ ਦੇ ਵਿਸ਼ਲੇਸ਼ਣ ਵਿਚ ਸਹਾਇਤਾ ਕਰੇਗੀ। ਤੁਹਾਡੀ ਪ੍ਰਤੀਕ੍ਰਿਆ ਨੂੰ ਹਮੇਸ਼ਾਂ ਗੁਪਤ ਰੂਪ ਵਿਚ ਰੱਖਿਆ ਜਾਂਦਾ ਹੈ ਅਤੇ ਕਿਸੇ ਵੀ ਤੀਜੀ ਧਿਰ ਨਾਲ ਇਸ ਨੂੰ ਸਾਂਝਾ ਨਹੀਂ ਕੀਤਾ ਜਾਏਗਾ। ਅਸੀਂ ਇਹ ਸੁਨਿਸ਼ਚਿਤ ਕਰਾਂਗੇ ਕਿ ਨਤੀਜਿਆਂ ਦੀ ਰਿਪੋਰਟ ਕਰਨ ਵੇਲੇ ਵਿਅਕਤੀਆਂ ਦੀ ਪਛਾਣ ਕਰਨਾ ਸੰਭਵ ਨਹੀਂ ਹੋਵੇਗਾ।

## 12 ਤੁਹਾਡੇ ਘਰ ਦਾ ਡਾਕ ਕੋਡ ਕੀ ਹੈ? ਇਹ ਪ੍ਰਸ਼ਨ ਸਿਰਫ ਵਿਸ਼ਲੇਸ਼ਣ ਦੇ ਉਦੇਸ਼ਾਂ ਲਈ ਵਰਤੇ ਜਾਣਗੇ।

ਕਿਰਪਾ ਕਰ ਕੇ ਆਪਣਾ ਡਾਕ ਕੋਡ ਦਾਖਲ ਕਰੋ।

## 13 ਤੁਸੀਂ ਕਿਸ ਲਿੰਗ ਨਾਲ ਪਛਾਣੇ ਜਾਂਦੇ ਹੋ?

*ਕਿਰਪਾ ਕਰ ਕੇ ਸਿਰਫ ਇਕ ਆਈਟਮ ਦੀ ਚੋਣ ਕਰੋ*

○ ਮਰਦ ○ ਔਰਤ ○ ਹੋਰ

## 14 ਕੀ ਤੁਸੀਂ ਇਸ ਸਮੇਂ ਆਸ ਕਰ ਰਹੇ ਹੋ ਜਾਂ ਪਿਛਲੇ ਛੇ ਮਹੀਨਿਆਂ ਵਿੱਚ ਤੁਹਾਡਾ ਕੋਈ ਬੱਚਾ ਪੈਦਾ ਹੋਇਆ ਹੈ?

*ਕਿਰਪਾ ਕਰ ਕੇ ਸਿਰਫ ਇਕ ਆਈਟਮ ਦੀ ਚੋਣ ਕਰੋ*

○ ਹਾਂ ○ ਨਾਂਹ ○ ਕੁਝ ਵੀ ਨਾ ਕਹਿਣ ਨੂੰ ਪਹਿਲ ਦੇਣਾ

## 15 ਤੁਸੀਂ ਕਿਸ ਉਮਰ ਸਮੂਹ ਨਾਲ ਸਬੰਧ ਰੱਖਦੇ ਹੋ?

*ਕਿਰਪਾ ਕਰ ਕੇ ਸਿਰਫ ਇਕ ਆਈਟਮ ਦੀ ਚੋਣ ਕਰੋ*

○ 18 ਤੋਂ ਘੱਟ ○ 18 - 24 ○ 25 - 34 ○ 35 - 44 ○ 45 - 54 ○ 55 - 64
○ 65 - 74 ○ 75 - 84 ○ 85 ਅਤੇ ਇਸ ਤੋਂ ਵੱਧ ○ ਕੁਝ ਵੀ ਨਾ ਕਹਿਣ ਨੂੰ ਪਹਿਲ ਦੇਣਾ

## 16 ਹੇਠ ਲਿਖਿਆਂ ਵਿੱਚੋਂ ਕਿਹੜਾ ਸਮੂਹ ਤੁਹਾਨੂੰ ਸਭ ਤੋਂ ਵਧੀਆ ਤਰੀਕੇ ਨਾਲ ਬਿਆਨ ਕਰਦਾ ਹੈ?

*ਕਿਰਪਾ ਕਰ ਕੇ ਸਿਰਫ ਇਕ ਆਈਟਮ ਦੀ ਚੋਣ ਕਰੋ*

○ ਚਿੱਟਾ – ਬ੍ਰਿਟਿਸ਼ ○ ਚਿੱਟਾ – ਆਇਰਿਸ਼ ○ ਚਿੱਟਾ - ਪੂਰਬੀ ਯੂਰਪੀਅਨ ○ ਹੋਰ ਵ੍ਹਾਈਟ
○ ਮਿਸ਼ਰਤ - ਚਿੱਟਾ ਅਤੇ ਕਾਲਾ ਕੈਰੇਬੀਅਨ ○ ਮਿਸ਼ਰਤ - ਚਿੱਟਾ ਅਤੇ ਕਾਲਾ ਅਫਰੀਕੀ
○ ਮਿਸ਼ਰਤ - ਚਿੱਟਾ ਅਤੇ ਏਸ਼ੀਅਨ ○ ਹੋਰ ਮਿਸ਼ਰਿਤ ○ ਏਸ਼ੀਅਨ / ਏਸ਼ੀਅਨ ਬ੍ਰਿਟਿਸ਼ – ਭਾਰਤੀ
○ ਏਸ਼ੀਅਨ / ਏਸ਼ੀਅਨ ਬ੍ਰਿਟਿਸ਼ – ਕਸ਼ਮੀਰੀ ○ ਏਸ਼ੀਅਨ / ਏਸ਼ੀਅਨ ਬ੍ਰਿਟਿਸ਼ – ਪਾਕਿਸਤਾਨੀ
○ ਏਸ਼ੀਅਨ / ਏਸ਼ੀਅਨ ਬ੍ਰਿਟਿਸ਼ – ਬੰਗਲਾਦੇਸ਼ੀ ○ ਹੋਰ ਏਸ਼ੀਆਈ
○ ਕਾਲੇ / ਕਾਲੇ ਬ੍ਰਿਟਿਸ਼ – ਕੈਰੇਬੀਅਨ ○ ਕਾਲਾ / ਕਾਲਾ ਬ੍ਰਿਟਿਸ਼ – ਅਫਰੀਕੀ ○ ਹੋਰ ਕਾਲੇ
○ ਚੀਨੀ ○ ਹੋਰ

## 17 ਕੀ ਤੁਸੀਂ ਹੋ / ਜਾਂ ਕੀ ਤੁਹਾਨੂੰ ਅਪੰਗ ਹੋਣ ਵਜੋਂ ਦਰਸਾਇਆ ਗਿਆ ਹੈ?

*ਕਿਰਪਾ ਕਰ ਕੇ ਸਿਰਫ ਇਕ ਆਈਟਮ ਦੀ ਚੋਣ ਕਰੋ*

○ ਹਾਂ ○ ਨਾਂਹ ○ ਕੁਝ ਵੀ ਨਾ ਕਹਿਣ ਨੂੰ ਪਹਿਲ ਦੇਣਾ

ਤੁਹਾਡੇ ਵੱਲੋਂ ਪ੍ਤੀਕਿਰਿਆ ਦਿੱਤੇ ਜਾਣ ’ਤੇ ਤੁਹਾਡਾ ਧੰਨਵਾਦ